## ਅਕਸਰ ਪੁੱਛੇ ਜਾਂਦੇ ਪ੍ਰਸ਼ਨ

### ਜਦੋਂ ਮੈਂ ਇਨਸੁਲਿਨ ਦੀ ਖ਼ੁਰਾਕ ਦਾ ਟੀਕਾ ਲਗਾ ਲੈਂਦਾ ਹਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਸੂਈ ਦੀ ਬਾਹਰਲੀ ਟੋਪੀ ਮੁੜ ਕੇ ਚੜ੍ਹਾ ਦਿਉ ਅਤੇ ਟੋਪੀ ਚੜ੍ਹੀ ਹੋਈ ਸੂਈ ਦੇ ਪੇਚ ਖੋਲ੍ਹ ਲਉ। ਪੈੱਨ ਦੀ ਟੋਪੀ ਨੂੰ ਮੁੜ ਚੜ੍ਹਾ ਦਿਉ।

### ਮੈਂ ਆਪਣੇ ਪੈੱਨ ਨੂੰ ਕਿਵੇਂ ਸੰਭਾਲ ਕੇ ਰੱਖਾਂ?

ਹਿਊਮਾਪੈੱਨ® ਸੈਵੀਓ™ ਨੂੰ ਫ਼ਰਿੱਜ ਵਿੱਚ ਨਹੀਂ ਰੱਖਣਾ ਚਾਹੀਦਾ। ਇਨਸੁਲਿਨ ਦੀ ਸੰਭਾਲ ਵਾਸਤੇ ਮੁਕੰਮਲ ਹਿਦਾਇਤਾਂ ਦਾ ਪਤਾ ਕਰਨ ਲਈ Lilly 3 mL ਦਾ ਇਨਸੁਲਿਨ ਕਾਰਟਰਿੱਜ ਵਰਤਣ ਵਾਲਿਆਂ ਲਈ ਜਾਣਕਾਰੀ ਦਾ ਪਰਚਾ (ਪੈਕਟ ਪਾਇਆ ਹੋਇਆ) ਪੜ੍ਹੋ।

### ਜੇ ਮੈਂ ਕਾਰਟਰਿੱਜ ਹੋਲਡਰ ਨੂੰ ਪੈੱਨ ਦੇ ਮੁੱਖ ਹਿੱਸੇ ਨਾਲ ਨਹੀਂ ਜੋੜ ਸਕਦਾ ਤਾਂ ਕੀ ਹੋਵੇਗਾ?

ਵੇਖ ਲਉ ਕਿ ਇਨਸੁਲਿਨ ਕਾਰਟਰਿੱਜ ਪੂਰੀ ਤਰ੍ਹਾਂ ਕਾਰਟਰਿੱਜ ਹੋਲਡਰ ਦੇ ਅੰਦਰ ਚਲਾ ਗਿਆ ਹੈ। ਹੋਲਡਰ ਅਤੇ ਪੈੱਨ ਦੇ ਮੁੱਖ ਹਿੱਸੇ ਨੂੰ ਇੱਕ ਦੂਜੇ ਦੀ ਸੇਧ ਵਿੱਚ ਰੱਖੋ ਅਤੇ ਉਦੋਂ ਤੱਕ ਘੁਮਾਉਂਦੇ ਜਾਉ ਜਦੋਂ ਤੱਕ ਉਹ ਪੂਰੀ ਤਰ੍ਹਾਂ ਆਪਣੀ ਥਾਂ ਬੈਠ ਨਾ ਜਾਵੇ।

### ਜੇ ਕਾਰਟਰਿੱਜ ਅੰਦਰ ਹਵਾ ਦੇ ਬੁਲਬਲੇ ਦਿੱਸਦੇ ਹੋਣ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਪੈੱਨ ਤਿਆਰ ਕਰਨ ਪਿੱਛੋਂ ਵੀ ਕਾਰਟਰਿੱਜ ਅੰਦਰ ਹਵਾ ਦਾ ਛੋਟਾ ਜਿਹਾ ਬੁਲਬੁਲਾ ਦਿਖਾਈ ਦੇ ਸਕਦਾ ਹੈ। ਜੇ ਤੁਸੀਂ ਪੈੱਨ ਨੂੰ ਚੰਗੀ ਤਰ੍ਹਾਂ ਤਿਆਰ ਕਰ ਲਿਆ ਹੈ ਤਾਂ ਇਹ ਛੋਟਾ ਜਿਹਾ ਬੁਲਬੁਲਾ ਤੁਹਾਡੀ ਇਨਸੁਲਿਨ ਦੀ ਖ਼ੁਰਾਕ 'ਤੇ ਕੋਈ ਅਸਰ ਨਹੀਂ ਪਾਉਂਦਾ।

### ਜੇ ਡਾਇਲ ਘੁੰਮਾ ਕੇ ਮੇਰੀ ਪੂਰੀ ਖ਼ੁਰਾਕ ਨਾ ਆਉਂਦੀ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਇਨਸੁਲਿਨ ਦੀ ਖ਼ੁਰਾਕ ਕਾਰਟਰਿੱਜ ਵਿੱਚ ਬਾਕੀ ਰਹਿੰਦੇ ਯੂਨਿਟਾਂ ਨਾਲੋਂ ਵੱਧ ਹੋਵੇ, ਤੁਸੀਂ ਜਾਂ ਤਾਂ ਚਾਲੂ ਕਾਰਟਰਿੱਜ ਵਿੱਚ ਬਾਕੀ ਰਹਿੰਦੀ ਦਵਾਈ ਦਾ ਟੀਕਾ ਲਗਾ ਲਉ ਅਤੇ ਦਵਾਈ ਦੀ ਖ਼ੁਰਾਕ ਮੁਕੰਮਲ ਕਰਨ ਲਈ ਨਵਾਂ ਕਾਰਟਰਿੱਜ ਵਰਤੋ, ਜਾਂ ਦਵਾਈ ਦੀ ਸਾਰੀ ਖ਼ੁਰਾਕ ਦਾ ਟੀਕਾ ਨਵੇਂ ਕਾਰਟਰਿੱਜ ਨਾਲ ਲਗਾਉ।

### ਜੇ ਟੀਕਾ ਲਾਉਣ ਸਮੇਂ ਟੀਕਾ ਲਾਉਣ ਵਾਲਾ ਬਟਨ ਦਬਾਉਣਾ ਮੁਸ਼ਕਿਲ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ?

ਹੋ ਸਕਦਾ ਹੈ ਤੁਹਾਡੀ ਸੂਈ ਵਿੱਚ ਕੋਈ ਰੁਕਾਵਟ ਆਈ ਹੋਵੇ। ਨਵੀਂ ਸੂਈ ਵਰਤਣ ਦੀ ਕੋਸ਼ਿਸ਼ ਕਰੋ ਅਤੇ ਫਿਰ ਪੈੱਨ ਦੀ ਤਿਆਰੀ ਕਰੋ। ਟੀਕਾ ਲਾਉਣ ਵਾਲੇ ਬਟਨ ਨੂੰ ਤੇਜ਼ੀ ਨਾਲ ਦਬਾਉਣ ਕਾਰਨ ਬਟਨ ਦਬਾਉਣਾ ਕਠਿਨ ਹੋ ਸਕਦਾ ਹੈ। ਬਟਨ ਨੂੰ ਹੌਲੀ ਹੌਲੀ ਦਬਾਉਣ ਦਾ ਯਤਨ ਕਰੋ।

ਵੱਡੇ ਵਿਆਸ ਵਾਲੀ ਸੂਈ ਵਰਤਣ ਨਾਲ ਟੀਕਾ ਲਾਉਣ ਵਾਲਾ ਬਟਨ ਦਬਾਉਣਾ ਸੌਖਾ ਹੋ ਜਾਵੇਗਾ। ਆਪਣੀ ਸਿਹਤ ਸੰਭਾਲ ਮੁਹੱਈਆ ਕਰਨ ਵਾਲੇ ਨੂੰ ਪੁੱਛੋ ਕਿ ਤੁਹਾਡੇ ਲਈ ਕਿਹੜੀ ਸੂਈ ਸਭ ਤੋਂ ਵਧੀਆ ਹੈ।

HumaPen® savvio™

* ਵਧੇਰੇ ਜਾਣਕਾਰੀ ਜਾਂ ਵਧੇਰੇ ਵਿਸਤ੍ਰਿਤ ਹਿਦਾਇਤਾਂ ਲਈ, ਕ੍ਰਿਪਾ ਕਰਕੇ ਹਿਊਮਾਪੈੱਨ® ਸੈਵੀਓ™ ਵਰਤਣ ਵਾਲੇ ਲਈ ਪੈਕੇਟ ਵਿੱਚ ਸ਼ਾਮਲ ਮੈਨੂਅਲ ਜਾਂ ਕੁਇੱਕ ਗਾਈਡ ਪੜ੍ਹੋ।

ਜੇ ਹਿਊਮਾਪੱਨ® ਸੈਵੀਓ™ ਬਾਰੇ ਤੁਹਾਡੇ ਕੋਈ ਪ੍ਰਸ਼ਨ ਹੋਣ ਜਾਂ ਕੋਈ ਸਮੱਸਿਆਵਾਂ ਹੋਣ ਜਾਂ ਸਹਾਇਤਾ ਲੋੜੀਂਦੀ ਹੋਵੇ ਤਾਂ ਆਪਣੇ ਸਿਹਤ ਸੰਭਾਲ ਮੁਹੱਈਆ ਕਰਨ ਵਾਲੇ ਨਾਲ ਜਾਂ 1-888-545-5972 'ਤੇ ਐਲੀ ਲਿੱਲੀ ਕਸਟਮਰ ਰਿਸਪਾਂਸ ਸੈਂਟਰ ਨਾਲ ਸੰਪਰਕ ਕਰੋ ਜਾਂ Eli Lilly Canada Inc. 3650 Danforth Avenue, Toronto, ON M1N 2E8 ਨੂੰ ਪੱਤਰ ਲਿਖੋ।

Member R&D

HumaPen® is a registered trademark of Eli Lilly and Company, used under license.
SAVVIO™ is a trademark of Eli Lilly and Company; used under license.

© 2013, Eli Lilly and Company. All rights reserved.

CADVC00025P

Lilly

## ਹਿਊਮਾਪੈੱਨ® ਸੈਵੀਓ™ (HumaPen® SAVVIO™) ਦੀ ਵਰਤੋਂ ਬਾਰੇ ਜ਼ਰੂਰੀ ਨੁਕਤੇ*

HumaPen® savvio™




### ਹਿਊਮਾਪੈੱਨ® ਸੈਵੀਓ™ (HumaPen® SAVVIO™) ਇਸ ਤਰ੍ਹਾਂ ਬਣਾਇਆ ਗਿਆ ਹੈ:

- ਵਰਤਣ ਵਿੱਚ ਅਸਾਨੀ
- ਬਿਲਕੁਲ ਸਹੀ ਅਤੇ ਹੰਢਣਸਾਰ
- ਮਰਜ਼ੀ ਅਨੁਸਾਰ ਚੋਣ ਕਰਨ ਲਈ ਵੱਖ ਵੱਖ ਰੰਗਾਂ ਵਿੱਚ ਉਪਲਬਧ ਹੈ


Lilly

## ■ ਹਿਊਮਾਪੈੱਨ® ਸੈਵੀਓ™ ਨਾਲ ਜਾਣ-ਪਛਾਣ





## ■ 1. 3 mL ਕਾਰਟਰਿੱਜ ਅੰਦਰ ਪਾਉਣਾ


ਇਨਸੁਲਿਨ ਕਾਰਟਰਿੱਜ ਨੂੰ ਅੰਦਰ ਪਾਉਣ ਤੋਂ ਪਹਿਲਾਂ ਉਸਦਾ ਮੁਆਇਨਾ ਕਰੋ।



ਵੱਖਰਾ ਕਰਨ ਲਈ ਕਾਰਟਰਿੱਜ ਹੋਲਡਰ ਨੂੰ ਘੁਮਾਉ ।




ਕਾਰਟਰਿੱਜ ਦੇ ਛੋਟੇ ਸਿਰੇ ਨੂੰ ਅੰਦਰ ਧੱਕੋ।




ਕਾਰਟਰਿੱਜ ਹੋਲਡਰ ਨੂੰ ਪੈੱਨ ਦੇ ਮੁੱਖ ਭਾਗ ਅੰਦਰ ਸਿੱਧਾ ਧੱਕੋ।

ਕਾਰਟਰਿੱਜ ਹੋਲਡਰ ਨੂੰ ਪੈੱਨ ਦੇ ਮੁੱਖ ਭਾਗ ਅੰਦਰ ਘੁਮਾਈ ਜਾਉ ਜਦੋਂ ਤੀਕ ਤੁਸੀਂ ਕਲਿੱਕ ਦੀ ਅਵਾਜ਼ ਮਹਿਸੂਸ ਨਹੀਂ ਕਰਦੇ।





ਧੁੰਦਲੀ ਇਨਸੁਲਿਨ ਲਈ: ਪੈੱਨ ਨੂੰ ਹੌਲੀ ਹੌਲੀ 10 ਵਾਰੀ ਘੁਮਾਉ ਅਤੇ ਇਨੁਸਿਲਨ ਨੂੰ ਮਿਲਾਉਣ ਲਈ 10 ਵਾਰੀ ਹੇਠਾਂ ਉੱਪਰ ਕਰੋ।


## ■ 2. ਸੂਈ ਜੋੜਨੀ




ਪੇਪਰ ਟੈਬ ਨੂੰ ਲਾਹ ਕੇ ਸੂਈ ਜੋੜ ਦਓਿ।



ਸੂਈ ਨੂੰ ਕਾਰਟਰਿੱਜ ਹੋਲਡਰ ਨਾਲ ਉਦੋਂ ਤੀਕ ਸਿੱਧੀ ਕਸੋ ਜਦੋਂ ਤੀਕ ਉਹ ਪੂਰੀ ਤਰ੍ਹਾਂ ਆਪਣੀ ਥਾਂ ਨਾ ਬੈਠ ਜਾਵੇ।




ਬਾਹਰਲੀ ਟੋਪੀ ਨੂੰ ਉਤਾਰ ਕੇ ਰੱਖ ਲਉ।





ਅੰਦਰਲੀ ਟੋਪੀ ਨੂੰ ਉਤਾਰ ਕੇ ਸੁੱਟ ਦਿਉ।

## ■ 3. ਪੈੱਨ ਨੂੰ ਵਰਤਣ ਲਈ ਤਿਆਰ ਕਰਨਾ


ਹਰ ਵਾਰੀ ਵਰਤਣ ਤੋਂ ਪਹਿਲਾਂ ਪੈੱਨ ਨੂੰ ਤਿਆਰ ਕਰੋ ਤਾਂ ਜੋ ਸੂਈ ਜਾਂ ਕਾਰਟਰਿੱਜ ਵਿੱਚੋਂ ਹਵਾ ਖ਼ਾਰਜ ਹੋ ਜਾਵੇ। ਜੇ ਪੈੱਨ ਇਸ ਤਰ੍ਹਾਂ ਤਿਆਰ ਨਹੀਂ ਕੀਤਾ ਜਾਂਦਾ ਤਾਂ ਤੁਸੀਂ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਇਨਸੁਲਿਨ ਲੈ ਸਕਦੇ ਹੋ।




2 ਯੂਨਿਟਾਂ ਡਾਇਲ ਕਰੋ।





ਕਾਰਟਰਿੱਜ ਹੋਲਡਰ ਨੂੰ ਟਕੋਰੋ ਤਾਂ ਜੋ ਹਵਾ ਉਤਾਂਹ ਨੂੰ ਚੜ੍ਹ ਜਾਵੇ।



ਟੀਕਾ ਲਾਉਣ ਵਾਲੇ ਬਟਨ ਨੂੰ ਦਬਾਉ ਅਤੇ ਤੁਸੀਂ ਇਨਸੁਲਿਨ ਦੀ ਧਾਰ ਨਿਕਲਦੀ ਦੇਖੋਗੇ। ਜੇ ਇਹ ਧਾਰ ਨਹੀਂ ਦਿੱਸਦੀ ਤਾਂ ਪੈੱਨ ਨੂੰ ਮੁੜ ਤਿਆਰ ਕਰੋ।

## ■ 4. ਇਨਸੁਲਿਨ ਦੀ ਖ਼ੁਰਾਕ ਦਾ ਟੀਕਾ ਲਾਉਣਾ


ਇਨਸੁਲਿਨ ਦੀ ਆਪਣੀ ਖ਼ੁਰਾਕ ਅਨੁਸਾਰ ਡਾਇਲ ਘੁਮਾਉ। ਜੇ ਤੁਸੀਂ ਬਹੁਤੀਆਂ ਯੂਨਿਟਾਂ ਡਾਇਲ ਕਰ ਲੈਂਦੇ ਹੋ ਤਾਂ ਖ਼ੁਰਾਕ ਨੂੰ ਸਹੀ ਕਰਨ ਵਾਸਤੇ ਡਾਇਲ ਪਿਛਾਂਹ ਨੂੰ ਘੁਮਾਇਆ ਜਾ ਸਕਦਾ ਹੈ।




ਸੂਈ ਚਮੜੀ ਅੰਦਰ ਧੱਕੋ।

ਟੀਕਾ ਲਾਉਣ ਵਾਲੇ ਬਟਨ ‘ਤੇ ਆਪਣਾ ਅੰਗੂਠਾ ਰੱਖੋ ਅਤੇ ਜਦੋਂ ਤੀਕ ਬਟਨ ਰੁਕ ਨਹੀਂ ਜਾਂਦਾ ਜ਼ੋਰ ਨਾਲ ਦਬਾਈ ਜਾਉ।

ਬਟਨ ਨੂੰ 5 ਸਕਿੰਟਾਂ ਲਈ ਦਬਾਈ ਰੱਖੋ। ਆਪਣੀ ਚਮੜੀ ਵਿੱਚੋਂ ਸੂਈ ਕੱਢ ਲਉ।




ਕੀ ਪੂਰੀ ਖ਼ੁਰਾਕ ਦਾ ਟੀਕਾ ਲੱਗ ਗਿਆ ਹੈ, ਇਹ ਪੱਕਾ ਕਰਨ ਲਈ ਖ਼ੁਰਾਕ ਵੇਖਣ ਵਾਲੇ ਝਰੋਖੇ ਵਿੱਚ 0 ਵੇਖ ਕੇ ਪੁਸ਼ਟੀ ਕਰ ਲਉ।